**CLASS : 12th (Sr. Secondary)** **Code No. 4932**

**Series : SS-M/2020**

ਰੋਲ ਨੰ. | | | | | | | | | | |

***SET : A***

# ਪੰਜਾਬੀ

## PUNJABI

***ACADEMIC/OPEN***

(Only for Fresh/Re-appear Candidates)

*ਸਮਾਂ : **3** ਘੰਟੇ ]* *[ ਕੁਲ ਅੰਕ : **80***

- *ਕ੍ਰਿਪਾ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛਪੇ ਪੰਨਿਆ ਦੀ ਸੰਖ਼ਿਆ **8** ਅਤੇ ਪ੍ਰਸ਼ਨ **12** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ਼ ਪੰਨੇ ਤੇ ਲਿਖ਼ਨ।*
- *ਕ੍ਰਿਪਾ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਲੋੜਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਪ੍ਰਸ਼ਨ-ਪੱਤਰ ਵਿਚ ਰੋਲ ਨੰ. ਤੋਂ ਇਲਾਵਾ ਕੁਝ ਵੀ ਨਾ ਲਿਖੋ।*
- *ਕ੍ਰਿਪਾ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



StudentSuvidha.com
downloaded from
Download all NOTES and PAPERS at StudentSuvidha.com

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਕਾਵਿ ਟੋਟਿਆਂ ਵਿੱਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 7

(ੳ) ਆਖੀ: ਪ੍ਰੇਮ ਇਹ ਪਿਛਾਹ ਨਹੀਂ ਮੁੜਨ ਜੋਗਾ
ਬੇੜੇ ਸਿਦਕ ਦੇ ਠਿਲ੍ਹਦੇ ਰਹਿਣਗੇ ਵੇ
ਏਨ੍ਹਾਂ ਨਵ੍ਹਾ ਤੋਂ ਮਾਸ ਨਹੀਂ ਵੱਖ ਹੋਣਾ
ਜਦ ਤੱਕ ਚੰਨ ਸੂਰਜ ਚੜ੍ਹਨ ਲਹਿਣਗੇ ਵੇਂ
ਏਸ ਇਸਕ ਦੀ ਛਿੜੇਗੀ ਵਾਰ ਮਾਹੀਆ
ਜਿਥੇ ਚਾਰ ਬੰਦੇ ਰਲ ਬਹਿਣਗੇ ਵੇ
ਕੁੜੀਆਂ ਕੂਬਜਾ ਦਾ ਕਿਸੇ ਨਹੀਂ ਨਾਉਂ ਲੈਣਾ
ਰਾਧਾ ਆਖ ਪਿਛੋਂ ਕ੍ਰਿਸ਼ਨ ਕਹਿਣਗੇ ਵੇ।

(ਅ) ਮੈਂ ਕੰਡਿਆਲੀ ਥੋਰ੍ਹ ਵੇ ਸੱਜਣਾ,
ਉੱਗੀ ਵਿੱਚ ਜੋ ਬੇਲੇ।
ਨਾ ਕੋਈ ਮੇਰੀ ਛਾਵੇਂ ਬੈਠੇ,
ਨਾ ਪੱਤ ਖਾਵਣ ਲੇਲੇ।
ਮੈਂ ਰਾਜੇ ਦੀ ਬਰਦੀ ਅੜਿਆ,



downloaded from StudentSuvidha.com

Download ... .com

ਤੂੰ ਰਾਜੇ ਦਾ ਜਾਇਆ,

ਤੂੰਹੀਓ ਦੱਸ ਵੇ ਮੋਹਰਾਂ ਸਾਹਵੇਂ

ਮੁੱਲ ਕੀ ਖੋਵਣ ਧੇਲੇ।

**2.** ਹੇਠ ਲਿਖਿਆ ਕਵਿਤਾਵਾਂ ਵਿੱਚੋਂ ਕਿਸੇ ***ਇਕ*** ਦਾ ਸਾਰ ਲਿਖੋ : 7

(ੳ) ਖੂਹ ਉੱਤੈ

(ਅ) ਊਸ਼ਾ

(ੲ) ਪਦਮਾ

**3.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਆਧੁਨਿਕ ਮਨੁੱਖ ਦਾ ਚਰਿੱਤਰ ਪੇਸ਼ ਕਰਨ ਲਈ ਗਿਹਰਾਟੇ ਤੇ 'ਤੋਤੇ' ਨਿੰਨੇ ਕੁ ਢੁਕਵੇਂ ਪ੍ਰਤੀਕ ਹਨ? 2

(ਅ) 'ਮੈਂ ਜਾਂ ਤੁਰਾਂ' ਕਵਿਤਾ ਵਿੱਚ ਕਵੀ ਲੋਕਾਂ ਤੋਂ ਕੀ ਇੱਛਾ ਕਰਦਾ ਹੈ? 2

(ੲ) 'ਜੰਗਲ ਦੇ ਵਿੱਚ ਰਾਤ ਪਈ ਹੈ' ਕਵਿਤਾ ਕਿਸ ਦੀ ਰਚਨਾ ਹੈ? 1

(i) ਸ. ਸ. ਮੀਸ਼ਾ

(ii) ਪਾਸ

(iii) ਸੁਰਜੀਤ ਪਾਤਰ

(iv) ਜਗਤਾਰ



StudentSuvidha.com
downloaded from
Download all N

(ਸ) 'ਇੱਛਾਬਲ ਤੇ ਡੂੰਘੀਆ ਸਾਮਾਂ' ਕਵਿਤਾ ਕਿਹੜੇ ਰੂਪ ਵਿੱਚ ਹੈ? 1

(i) ਗੀਤ

(ii) ਰੁਬਾਈ

(iii) ਗਜ਼ਲ

(iv) ਮਹਾਕਾਵਿ

**4.** ਹੇਠ ਲਿਖੇ ਵਾਰਤਕ ਲੇਖਾਂ ਵਿੱਚੋਂ ਕਿਸੇ ***ਇਕ*** ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ : 7

(ੳ) ਬਾਬੇ ਵਰਿਆਮੇ ਦੀ ਵਿੱਚ ਦ੍ਰਿਸਟੀ

(ਅ) ਘਰ ਵਿੱਚ ਹੀ ਗੁਰਿਆਈ

(ੲ) ਸੁਇਟਜ਼ਰਲੈਂਡ ਦੀ ਯਾਤਰਾ

**5.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) 'ਸ਼ੀਸ਼ੇ ਸਾਹਮਣੇ' ਲੇਖ ਦੇ ਲੇਖਕ ਦੇ ਖਾਣ ਪੀਣ, ਸੌਣ ਤੇ ਪਹਿਰਾਵੇ ਬਾਰੇ ਤੁਸੀਂ ਕੀ ਜਾਣਦੇ ਹੋ? 3

(ਅ) ਵੈਦਰ ਕਰਾਫਟ ਨੇ ਲੇਸੀ ਨੂੰ ਆਪਣਾ ਲਿਫਾਫਾ ਛੇ ਮਹੀਨੇ ਲਈ ਨਾ ਖੋਲ੍ਹਣ ਦੀ ਤਾਕੀਦ ਕਿਉਂ ਕੀਤੀ ਸੀ? 2

(ੲ) ਜਦੋਂ ਥਾਣੇਦਾਰ ਨੂੰ ਇਹ ਪਤਾ ਲੱਗਾ ਕਿ ਕੁੱਤਾ ਡਿਪਟੀ ਕਮਿਸ਼ਨਰ ਸਾਹਿਬ ਦਾ ਹੈ, ਤਾਂ ਉਸ ਨੇ ਕੀ ਰਵੱਈਆ ਧਾਰਨ ਕੀਤਾ? 2



StudentSuvidha.com
downloaded from
Download all NOTES and PAPERS at StudentSuvidha.com

(ਸ) ਭੀਲਣੀ ਨੇ ਰਾਮ ਨੂੰ ਕੀ ਖੁਆਇਆ ਸੀ ? 1

(i) ਅੰਗੂਰ

(ii) ਜੂਠੇ ਬੇਰ

(iii) ਬਾਦਾਮ

(iv) ਕੰਦ ਮੂਲ

**6.** 'ਸ਼ੋਭਾ ਸਕਤੀ' ਨਾਟਕ ਦੇ ਪਹਿਲੇ ਨਾਟ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ? 7

**ਜਾਂ**

ਸ਼ੋਭਾ ਸਕਤੀ ਨਾਟਕ ਦਾ ਸਿਰਲੇਖ ਕਿੱਥੋ ਤੱਕ ਢੁਕਵਾਂ ਹੈ ? ਦਲੀਲਾਂ ਦਿਉ।

**7.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਹਮੇਸ਼ ਤੇ ਸ਼ੋਭਾ ਦਾ ਝਗੜਾ ਕਿਉਂ ਹੁੰਦਾ ਹੈ ? 3

(ਅ) ਨਾਟਕ ਦੇ ਦੂਜੇ ਨਾਟ ਦਾ ਅਰੰਭ ਕਿਸ ਘਟਨਾ ਨਾਲ ਹੁੰਦਾ ਹੈ ? 2

(ੲ) ਤੀਜੇ ਨਾਟ ਵਿੱਚ ਸ਼ੋਭਾ ਘਰ ਨੂੰ ਛੱਡਣ ਦਾ ਫੈਸਲਾ ਕਿਉਂ ਕਰ ਲੈਂਦੀ ਹੈ ? 2

(ਸ) ਨਾਟਕ ਦੇ ਪਹਿਲੇ ਤੇ ਤੀਸਰੇ ਨਾਟ ਵਿਚਕਾਰ ਕਿੰਨੇ ਸਮੇਂ ਦਾ ਅੰਤਰ ਹੈ ? 1

(i) 17 ਸਾਲ

(ii) 20 ਸਾਲ

(iii) 15 ਸਾਲ

(iv) 21 ਸਾਲ



downloaded from StudentSuvidha.com

Download all N ... m

**ਭਾਗ – (ਅ)**

**8.** ਹੇਠ ਲਿਖੇ ਸਾਹਿਤਕਾਰਾਂ ਵਿੱਚੋ ਕਿਸੇ ***ਇੱਕ*** ਦੇ ਜੀਵਨ ਤੇ ਰਚਨਾਵਾਂ ਬਾਰੇ ਜਾਣਕਾਰੀ ਦਿਉ : 7

(ੳ) ਵਾਰਿਸ ਸਾਹ (ਅ) ਸਾਹ ਮੁਹੰਮਦ

**9.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ :

(i) ਭਾਈ ਵੀਰ ਸਿੰਘ ਨੇ ਕਿਸ ਮਹਾਕਾਵਿ ਦੀ ਰਚਨਾ ਕੀਤੀ? 1

(ੳ) ਰਾਣਾ ਸ਼ੂਰਤ ਸਿੰਘ

(ਅ) ਨਨਕਾਇਣ

(ੲ) ਲਹਿਰਾਂ ਦੇ ਹਾਰ

(ਸ) ਮਟਕ ਹੁਲਾਰੇ

(ii) ਪ੍ਰੋ. ਪੂਰਨ ਸਿੰਘ ਕਿੱਤੇ ਵਜੋ ਕੀ ਸਨ? 1

(ੳ) ਮਨੋ ਵਿਗਿਆਨੀ

(ਅ) ਰਸਾਇਣ ਵਿਗਿਆਨੀ

(ੲ) ਭੋਤਿਕ ਵਿਗਿਆਨੀ

(ਸ) ਸਮਾਜ ਸ਼ਾਸਤਰੀ

(iii) ਏਸ਼ੀਆਂ ਦਾ ਚਾਨਣ ਮਹਾਕਾਵਿ ਕਿਸ ਦੀ ਰਚਨਾ ਹੈ? 1

(ੳ) ਭਾਈ ਵੀਰ ਸਿੰਘ

(ਅ) ਪ੍ਰੋ. ਪੂਰਨ ਸਿੰਘ

(ੲ) ਪ੍ਰੋ. ਮੋਹਨ ਸਿੰਘ

(ਸ) ਪ੍ਰਿੰ. ਤੇਜਾ ਸਿੰਘ



StudentSuvidha.com
downloaded from
Download all NOTES and PAPERS at StudentSuvidha.com

**10.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ***ਇੱਕ ਸ਼ਬਦ*** ਜਾਂ ***ਇਕ ਵਾਕ*** ਵਿੱਚ ਲਿਖੋ : $1 \times 10 = 10$

(ੳ) ਆਧੁਨਿਕ ਪੰਜਾਬੀ ਕਾਵਿ ਦੇ ਮੋਢੀ ਕਵੀ ਕੌਣ ਹਨ ?

(ਅ) ਪ੍ਰਿੰ. ਤੇਜਾ ਸਿੰਘ ਦੀ ਸਵੈ-ਜੀਵਨੀ ਦਾ ਨਾਂ ਕੀ ਹੈ ?

(ੲ) ਨੰਦੇ ਨੇ ਕਿਸ ਅੰਗਰੇਜ ਅਧਿਕਾਰੀ ਦ। ਕਹਿਣ ਤੇ ਨਾਟਕ ਲਿਖਣੇ ਅਰੰਭ ਕੀਤੇ ?

(ਸ) ਅੰਮ੍ਰਿਤਾ ਪ੍ਰੀਤਮ ਦਾ ਦੇਹਾਂਤ ਕਦੋਂ ਹੋਇਆ ?

(ਹ) 'ਲੂਣਾ' ਕਾਵਿ ਸੰਗ੍ਰਿਹ ਕਿਸ ਦੀ ਰਚਨਾ ਹੈ ?

(ਕ) ਗੁਰਬਖ਼ਸ ਸਿੰਘ ਨੇ ਕਿਹੜਾ ਰਸ਼ਾਲਾ (ਮੈਗਜ਼ੀਨ) ਕੱਢਿਆ ?

(ਖ) ਬਲਵੰਤ ਗਾਰਗੀ ਦੇ ਕਿਸੇ ਇੱਕ ਰੇਖਾ-ਚਿੱਤਰ ਦਾ ਨਾਂ ਦੱਸੋ ?

(ਗ) ਡਾ. ਹਰਚਰਨ ਸਿੰਘ ਦਾ ਜਨਮ ਕਦੋ ਹੋਇਆ ?

(ਘ) ਪ੍ਰਿੰ. ਸੁਜਾਨ ਸਿੰਘ ਨੂੰ ਕਿਸ ਖੇਤਰ ਵਿੱਚ ਪ੍ਰਸਿੱਧੀ ਪ੍ਰਾਪਤ ਹੋਈ ?

(ਙ) 'ਕਲਾਕਾਰ' ਨਾਟਕ ਕਿਸ ਦੀ ਰਚਨਾ ਹੈ ?

**11.** ਹੇਠ ਲਿਖਿਆ ਸਿੱਖਿਆਵਾਂ ਵਿੱਚੋ ਕਿਸੇ ***ਇੱਕ*** ਸਿੱਖਿਆ-ਦਾਇਕ ਕਹਾਣੀ ਲਿਖੋ : 5

(ੳ) ਹੰਕਾਰਿਆ ਸੋ ਮਾਰਿਆ

(ਅ) ਕਰ ਭਾਲਾ ਹੋ ਭਲਾ।



downloaded from StudentSuvidha.com
Download all ... StudentSuvidha.com

**12.** ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਸਿਰਲੇਖ ਸਹਿਤ ਮੁੜ ਲਿਖੋ : 5

ਬਣਤਰ ਪੱਖੋਂ ਤਮਾਸੇ ਦੋ ਤਰ੍ਹਾਂ ਦੇ ਹੁੰਦੇ ਹਨ। ਇਕ ਉਹ ਜੋ ਨਿਰੋਲ ਕਿਸੇ ਲੋਕਗੀਤ ਤੇ ਅਧਾਰਿਤ ਹੁੰਦੇ ਹਨ, ਦੂਸਰੇ ਉਹ ਜਿਨ੍ਹਾਂ ਵਿੱਚ ਕਾਵਿ ਸਤਰਾ ਦੇ ਨਾਲ ਨਾਲ ਵਾਰਤਾਲਾਪ ਵੀਚਲਦੀ ਹੈ। ਦੋਨੋ ਪ੍ਰਕਾਰ ਤੇ ਤਮਾਸਿਆਂ ਵਿੱਚ ਇੱਕ ਕਾਵਿ ਸਤਰ ਕਰਸਕਾਂ ਵਲੋ ਦੁਹਰਾਈ ਜਾਂਦੀ ਹੈ ਅਤੇ ਉਸ ਨਾਲ ਤਮਾਸ਼ਾ ਪੇਸ ਕਰ ਰਹੀਆਂ ਔਰਤਾਂ ਨੱਚਦੀਆਂ ਹਨ। ਤਮਾਸ਼ੇ ਵਿੱਚ ਪਾਤਰਾਂ ਦੀ ਗਿਣਤੀ ਤਮਾਸੇ ਦੇ ਥੀਮ ਅਨੁਸਾਰ ਹੁੰਦੀ ਹੈ। ਵਧੇਰੇ ਕਰਕੇ ਪਿੜ ਅੰਦਰ ਦੋ ਪਾਤਰ ਆਪਸ ਵਿੱਚ ਸੰਵਾਦ ਰਚਾਉਦੇਂ, ਕਿਸੇ ਕਹਾਣੀ ਦੀ ਕੋਈ ਝਾਕੀ ਸਿਰਜ਼ਦੇ ਹਨ। ਝਾਕੀ ਨਾਲ ਸੰਬੰਧਿਤ ਮੁੱਖ ਕਾਵਿ ਸਤਰ ਨੂੰ ਪੂਰੀ ਤੀਖਣਤਾ ਨਾਲ ਉਚਾਰਦੀਆਂ, ਪਾਤਰਾਂ ਦੀ ਨਾਚ ਗਤੀ ਵਿੱਚ ਤੇਜੀ ਲਿਆਉਦੀਆਂ ਹਨ। ਕਿਸੇ ਇੱਕ ਪਾਤਰ ਤੇ ਕੇਂਦਰਿਤ ਤਮਾਸ਼ੇ ਵਿੱਚ ਵੀ ਦਰਸ਼ਕ ਔਰਤਾਂ ਆਪਣੀ ਭੂਮਿਕਾ ਨਿਭਾਉਦੀਆਂ ਹਨ। ਤਮਾਸ਼ੇ ਦਾ ਥੀਮ ਇੱਕ ਜਾ ਇੱਕ ਤੋਂ ਵਧੀਕ ਔਰਤਾਂ ਦੁਆਲੇ ਉਮਾਰਿਆ ਹੋ ਸਕਦਾ ਹੈ। ਇਸ ਤੋ ਅੱਗੇ ਇਹ ਸੰਬੰਧ ਸਮਾਜ ਵਲੋ ਪ੍ਰਵਾਨਿਤ ਰਿਸ਼ਤਿਆਂ ਆਦਿਤੇ ਵੀ ਹੋ ਸਕਦੇ ਹਨ।

downloaded from StudentSuvidha.com



Download all NOTES and PAPERS at StudentSuvidha.com